# ਨਿਊਟਨ ਕਮਿਊਨਿਟੀ ਸਲਾਹ ਮਸ਼ਵਰੇ

## ਲਈ ਸੱਦਾ

ਸਰੀ ਸਕੂਲ ਡਿਸਟ੍ਰਿਕਟ, ਆਪਸ਼ਨ ਕਮਿਊਨਿਟੀ ਸਰਵਿਸਜ਼, ਆਰ ਸੀ ਐੱਮ ਪੀ ਅਤੇ ਕਮਿਊਨਿਟੀ ਦੀਆਂ ਹੋਰ ਏਜੰਸੀਆਂ ਕਮਿਊਨਿਟੀ ਦਾ ਸਮਰਥਨ ਕਰਨ ਅਤੇ ਨੌਜਵਾਨਾਂ ਲਈ ਸੁਰੱਖਿਅਤ ਅਤੇ ਖਿਆਲ ਰੱਖਣ ਵਾਲੀਆਂ ਥਾਂਵਾਂ ਤਿਆਰ ਕਰਨ ਲਈ ਵਰਕਸ਼ਾਪਾਂ ਦੀ ਇਕ ਲੜੀ ਤਿਆਰ ਕਰਨ ਲਈ ਇਕ ਸਲਾਹ ਮਸ਼ਵਰੇ ਦਾ ਪ੍ਰਬੰਧ ਕਰ ਰਹੀਆਂ ਹਨ।

ਮਾਪਿਆਂ ਅਤੇ ਕਮਿਊਨਿਟੀ ਦੇ ਮੈਂਬਰਾਂ ਨੂੰ ਸਲਾਹ ਮਸ਼ਵਰੇ ਵਿੱਚ ਹਿੱਸਾ ਲੈਣ, ਸਵਾਲ ਪੁੱਛਣ ਅਤੇ ਭਵਿੱਖ ਦੀਆਂ ਕਮਿਊਨਿਟੀ ਵਰਕਸ਼ਾਪਾਂ ਤਿਆਰ ਕਰਨ ਲਈ ਵਿਚਾਰ ਦੇਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਇਸ ਸੈਸ਼ਨ ਵਿੱਚ ਹਿੱਸਾ ਲੈਣ ਦਾ ਕੋਈ ਖਰਚਾ ਨਹੀਂ ਹੈ ਅਤੇ ਇਹ ਇਕ ਡਰਾਪ-ਇਨ ਸੈਸ਼ਨ ਵਜੋਂ ਹੋਵੇਗਾ-ਭਾਵ ਇਸ ਲਈ ਪਹਿਲਾਂ ਰਜਿਸਟਰ ਹੋਣ ਦੀ ਲੋੜ ਨਹੀਂ ਹੈ।

### ਨਿਊਟਨ ਕਮਿਊਨਿਟੀ ਸਲਾਹ ਮਸ਼ਵਰਾ

**ਕਦੋਂ:** ਬੁੱਧਵਾਰ, 14 ਦਸੰਬਰ ਨੂੰ, ਸ਼ਾਮ ਦੇ 5-7 ਵਜੇ ਤੱਕ

**ਕਿੱਥੇ:** ਟਮਾਨਵਿਸ ਸੈਕੰਡਰੀ ਸਕੂਲ, 12600 – 66 ਐਵੇਨਿਊ

ਮੁਢਲਾ ਸੈਸ਼ਨ ਟਮਾਨਵਿਸ ਸੈਕੰਡਰੀ ਵਿਖੇ ਹੋਵੇਗਾ, ਅਤੇ ਸਾਡਾ ਟੀਚਾ ਇਹਨਾਂ ਸੈਸ਼ਨਾਂ ਨੂੰ ਡਿਸਟ੍ਰਿਕਟ ਦੇ ਹੋਰ ਸਕੂਲਾਂ ਅਤੇ ਕਮਿਊਨਿਟੀਆਂ ਤੱਕ ਵਧਾਉਣਾ ਹੈ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ www.surreyschools.ca. 'ਤੇ ਜਾਉ।

ਇਹਨਾਂ ਵਰਕਸ਼ਾਪਾਂ ਬਾਰੇ ਕੋਈ ਵੀ ਸਵਾਲ ਜਾਂ ਫਿਕਰ safe-office@surreyschools.ca 'ਤੇ ਜਾ ਕੇ ਸਾਡੇ ਸੇਫ ਸਕੂਲਜ਼ ਡਿਪਾਰਟਮੈਂਟ ਨਾਲ ਸਾਂਝੇ ਕੀਤੇ ਜਾ ਸਕਦੇ ਹਨ।

Surrey Schools
LEADERSHIP IN LEARNING